ਮਿੱਠੇ ਬੱਚੇ:- ਇਹ ਬਣਿਆ ਬਣਾਇਆ ਨਾਟਕ ਹੈ , ਇਸ ਨਾਟਕ ਤੋਂ ਇੱਕ ਵੀ ਆਤਮਾ ਛੁੱਟ ਨਹੀਂ ਸਕਦੀ , ਮੋਕਸ਼ ਕਿਸੇ ਨੂੰ ਮਿਲ ਨਹੀਂ ਸਕਦਾ "

ਪ੍ਰਸ਼ਨ:- ਉੱਚੇ ਤੇ ਉੱਚਾ ਪਤਿਤ-ਪਾਵਨ ਬਾਪ ਭੋਲਾਨਾਥ ਕਿਵੇਂ ਹੈ?

ਉੱਤਰ:- ਤੁਸੀਂ ਬੱਚੇ ਉਨ੍ਹਾਂ ਨੂੰ ਚਾਵਲ ਮੁੱਠੀ ਦੇਕੇ ਮਹਿਲ ਲੈ ਲੈਂਦੇ ਹੋ, ਇਸ ਲਈ ਹੀ ਬਾਪ ਨੂੰ ਭੋਲਾਨਾਥ ਕਿਹਾ ਜਾਂਦਾ ਹੈ। ਤੁਸੀਂ ਕਹਿੰਦੇ ਹੋ ਸ਼ਿਵਬਾਬਾ ਸਾਡਾ ਮੁੰਡਾ ਹੈ, ਉਹ ਮੁੰਡਾ ਇਵੇਂ ਦਾ ਹੈ ਜੋ ਕਦੇ ਕੁਝ ਲੈਂਦਾ ਨਹੀਂ, ਸਦਾ ਹੀ ਦਿੰਦਾ ਹੈ। ਭਗਤੀ ਵਿੱਚ ਕਹਿੰਦੇ ਹਨ ਜੋ ਜਿਵੇਂ ਦਾ ਕਰਮ ਕਰਦਾ ਹੈ ਓਵੇਂ ਦਾ ਫਲ ਪਾਉਂਦਾ ਹੈ। ਪਰ ਭਗਤੀ ਵਿੱਚ ਤਾਂ ਅਲਪਕਾਲ ਦਾ ਫਲ ਮਿਲਦਾ ਹੈ। ਗਿਆਨ ਵਿੱਚ ਸਮਝ ਨਾਲ ਕਰਦੇ ਇਸ ਲਈ ਸਦਾਕਾਲ ਦਾ ਮਿਲਦਾ ਹੈ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਨਾਲ ਰੂਹਾਨੀ ਬਾਪ ਰੂਹ ਰਿਹਾਨ ਕਰ ਰਹੇ ਹਨ ਜਾਂ ਇਵੇਂ ਕਹਾਂਗੇ ਰੂਹਾਨੀ ਬਾਪ ਬੱਚਿਆਂ ਨੂੰ ਰਾਜਯੋਗ ਸਿਖਾ ਰਹੇ ਹਨ। ਤੁਸੀਂ ਆਏ ਹੋ ਬੇਹੱਦ ਦੇ ਬਾਪ ਤੋਂ ਰਾਜਯੋਗ ਸਿੱਖਣ ਇਸ ਲਈ ਬੁੱਧੀ ਚਲੀ ਜਾਣੀ ਚਾਹੀਦੀ ਹੈ ਬਾਪ ਦੇ ਵਲ। ਇਹ ਹੈ ਪਰਮਾਤਮ ਗਿਆਨ ਆਤਮਾਵਾਂ ਦੇ ਪ੍ਰਤੀ। ਭਗਵਾਨੁਵਾਚ ਸਾਲੀਗ੍ਰਾਮਾਂ ਦੇ ਪ੍ਰਤੀ। ਆਤਮਾਵਾਂ ਨੂੰ ਹੀ ਸੁਣਨਾ ਹੈ ਇਸ ਲਈ ਆਤਮ - ਅਭਿਮਾਨੀ ਬਣਨਾ ਹੈ। ਅੱਗੇ ਤੁਸੀਂ ਦੇਹ-ਅਭਿਮਾਨੀ ਸੀ। ਇਸ ਪੁਰਸ਼ੋਤਮ ਸੰਗਮਯੁੱਗ ਤੇ ਹੀ ਬਾਪ ਆਕੇ ਤੁਹਾਨੂੰ ਬੱਚਿਆਂ ਨੂੰ ਆਤਮ - ਅਭਿਮਾਨੀ ਬਣਾਉਂਦੇ ਹਨ। ਆਤਮ - ਅਭਿਮਾਨੀ ਅਤੇ ਦੇਹ - ਅਭਿਮਾਨੀ ਦਾ ਫ਼ਰਕ ਤੁਸੀਂ ਸਮਝ ਗਏ ਹੋ। ਬਾਪ ਨੇ ਹੀ ਸਮਝਾਇਆ ਹੈ ਆਤਮਾ ਹੀ ਸ਼ਰੀਰ ਨਾਲ ਪਾਰਟ ਵਜਾਉਂਦੀ ਹੈ। ਪੜ੍ਹਦੀ ਆਤਮਾ ਹੈ, ਸ਼ਰੀਰ ਨਹੀਂ। ਪਰ ਦੇਹ ਅਭਿਮਾਨ ਹੋਣ ਕਾਰਣ ਸਮਝਦੇ ਹਨ ਫਲਾਣਾ ਪੜ੍ਹਾਉਂਦੇ ਹਨ। ਤੁਹਾਨੂੰ ਬੱਚਿਆਂ ਨੂੰ ਜੋ ਪੜ੍ਹਾਉਣ ਵਾਲਾ ਹੈ ਉਹ ਹੈ ਨਿਰਾਕਾਰ। ਉਸਦਾ ਨਾਮ ਹੈ ਸ਼ਿਵ। ਸ਼ਿਵਬਾਬਾ ਨੂੰ ਆਪਣਾ ਸ਼ਰੀਰ ਨਹੀਂ ਹੁੰਦਾ ਹੈ। ਹੋਰ ਸਭ ਕਹਿਣਗੇ ਮੇਰਾ ਸ਼ਰੀਰ। ਇਹ ਕਿਸਨੇ ਕਿਹਾ? ਆਤਮਾ ਨੇ ਕਿਹਾ - ਇਹ ਮੇਰਾ ਸ਼ਰੀਰ ਹੈ। ਬਾਕੀ ਉਹ ਸਭ ਹਨ ਜਿਸਮਾਨੀ ਪੜ੍ਹਾਈਆਂ। ਅਨੇਕ ਤਰ੍ਹਾਂ ਦੀ ਉਸ ਵਿੱਚ ਸਬਜੈਕਟ ਹੁੰਦੀ ਹੈ। ਬੀ.ਏ. ਆਦਿ ਕਿੰਨੇ ਨਾਮ ਹਨ। ਇਸ ਵਿੱਚ ਇੱਕ ਹੀ ਨਾਮ ਹੈ, ਪੜ੍ਹਾਈ ਵੀ ਇੱਕ ਹੀ ਪੜ੍ਹਾਉਂਦੇ ਹਨ। ਇੱਕ ਹੀ ਬਾਪ ਆਕੇ ਪੜ੍ਹਾਉਂਦੇ ਹਨ, ਤਾਂ ਬਾਪ ਨੂੰ ਹੀ ਯਾਦ ਕਰਨਾ ਪਵੇ। ਸਾਨੂੰ ਬੇਹੱਦ ਦਾ ਬਾਪ ਪੜ੍ਹਾਉਂਦੇ ਹਨ, ਉਸਦਾ ਨਾਮ ਕੀ ਹੈ? ਉਸਦਾ ਨਾਮ ਹੈ ਸ਼ਿਵ। ਇਵੇਂ ਨਹੀਂ ਕਿ ਨਾਮ ਰੂਪ ਤੋਂ ਨਿਆਰਾ ਹੈ। ਮਨੁੱਖਾਂ ਦਾ ਨਾਮ ਸ਼ਰੀਰ ਤੇ ਪੈਂਦਾ ਹੈ। ਕਹਿਣਗੇ ਫਲਾਣੇ ਦਾ ਇਹ ਸ਼ਰੀਰ ਹੈ। ਉਵੇਂ ਸ਼ਿਵਬਾਬਾ ਦਾ ਨਾਮ ਨਹੀਂ ਹੈ। ਮਨੁੱਖਾ ਦੇ ਨਾਮ ਸ਼ਰੀਰ ਤੇ ਹਨ, ਇੱਕ ਹੀ ਨਿਰਾਕਾਰ ਬਾਪ ਹੈ ਜਿਸਦਾ ਨਾਮ ਹੈ ਸ਼ਿਵ। ਜਦੋਂ ਪੜ੍ਹਾਉਣ ਆਉਂਦੇ ਹਨ ਤਾਂ ਵੀ ਨਾਮ ਸ਼ਿਵ ਹੀ ਹੈ। ਇਹ ਸ਼ਰੀਰ ਤਾਂ ਉਨ੍ਹਾਂ ਦਾ ਨਹੀਂ ਹੈ। ਭਗਵਾਨ ਇੱਕ ਹੀ ਹੁੰਦਾ ਹੈ, 10-12 ਨਹੀਂ। ਉਹ ਹੈ ਹੀ ਇੱਕ ਫਿਰ ਮਨੁੱਖ ਉਸਨੂੰ 24 ਅਵਤਾਰ ਕਹਿ ਦਿੰਦੇ ਹਨ। ਬਾਪ ਕਹਿੰਦੇ ਮੈਨੂੰ ਬੜਾ ਭਟਕਾਇਆ ਹੈ। ਪਰਮਾਤਮਾ ਨੂੰ ਠਿੱਕਰ-ਭਿੱਤਰ ਸਭ ਵਿੱਚ ਕਹਿ ਦਿੱਤਾ ਹੈ। ਜਿਵੇਂ ਭਗਤੀ ਮਾਰਗ ਵਿੱਚ ਖੁੱਦ ਭਟਕੇ ਹਨ ਓਵੇਂ ਮੈਨੂੰ ਵੀ ਭਟਕਾਇਆ ਹੈ। ਡਰਾਮਾ ਅਨੁਸਾਰ ਉਨ੍ਹਾਂ ਦੇ ਗੱਲ ਕਰਨ ਦਾ ਢੰਗ ਕਿੰਨਾ ਸ਼ੀਤਲ ਹੈ। ਸਮਝਾਉਂਦੇ ਹਨ ਮੇਰੇ ਉੱਪਰ ਸਭ ਨੇ ਕਿੰਨਾ ਅਪਕਾਰ ਕੀਤਾ ਹੈ, ਮੇਰੀ ਕਿੰਨੀ ਗਲਾਨੀ ਕੀਤੀ ਹੈ। ਮਨੁੱਖ ਕਹਿੰਦੇ ਹਨ ਅਸੀਂ ਨਿਸ਼ਕਾਮ ਸੇਵਾ ਕਰਦੇ ਹਾਂ, ਬਾਪ ਕਹਿੰਦੇ ਮੇਰੇ ਸਿਵਾਏ ਕੋਈ ਨਿਸ਼ਕਾਮ ਸੇਵਾ ਕਰ ਨਹੀਂ ਸਕਦਾ ਹੈ। ਜੋ ਕਰਦਾ ਹੈ ਉਨ੍ਹਾਂ ਨੂੰ ਫ਼ਲ ਜਰੂਰ ਮਿਲਦਾ ਹੈ। ਹੁਣ ਤੁਹਾਨੂੰ ਫ਼ਲ ਮਿਲ ਰਿਹਾ ਹੈ। ਗਾਇਨ ਹੈ ਕਿ ਭਗਤੀ ਦਾ ਫ਼ਲ ਭਗਵਾਨ ਦੇਣਗੇ ਕਿਉਂਕਿ ਭਗਵਾਨ ਹੈ ਗਿਆਨ ਦਾ ਸਾਗਰ। ਭਗਤੀ ਵਿੱਚ ਤੁਸੀਂ ਅੱਧਾਕਲਪ ਕਰਮਕਾਂਡ ਕਰਦੇ ਆਏ ਹੋ। ਹੁਣ ਇਹ ਗਿਆਨ ਹੈ ਪੜ੍ਹਾਈ। ਪੜ੍ਹਾਈ ਮਿਲਦੀ ਹੈ ਇੱਕ ਵਾਰੀ ਅਤੇ ਇੱਕ ਹੀ ਬਾਪ ਤੋਂ। ਬਾਪ ਪੁਰਸ਼ੋਤਮ ਸੰਗਮਯੁੱਗ ਤੇ ਇੱਕ ਹੀ ਵਾਰ ਆਕੇ ਤੁਹਾਨੂੰ ਪੁਰਸ਼ੋਤਮ ਬਣਾ ਕੇ ਜਾਂਦੇ ਹਨ। ਇਹ ਹੈ ਗਿਆਨ ਅਤੇ ਉਹ ਹੈ ਭਗਤੀ। ਅੱਧਾਕਲਪ ਤੁਸੀਂ ਭਗਤੀ ਕਰਦੇ ਸੀ, ਹੁਣ ਜੋ ਭਗਤੀ ਨਹੀਂ ਕਰਦੇ ਹਨ, ਉਨ੍ਹਾਂ ਨੂੰ ਵਹਿਮ ਪੈਂਦਾ ਹੈ ਕਿ ਪਤਾ ਨਹੀਂ, ਭਗਤੀ ਨਹੀਂ ਕੀਤੀ ਇਸ ਲਈ ਫਲਾਣਾ ਮਰ ਗਿਆ, ਬਿਮਾਰ ਹੋ ਗਿਆ। ਪਰ ਇਵੇਂ ਨਹੀਂ ਹੈ।

ਬਾਪ ਕਹਿੰਦੇ ਹਨ- ਬੱਚੇ, ਤੁਸੀਂ ਪੁਕਾਰਦੇ ਆਏ ਹੋ ਕਿ ਤੁਸੀਂ ਆਕੇ ਪਤਿਤਾਂ ਨੂੰ ਪਾਵਨ ਬਣਾ ਸਭ ਦੀ ਸਦਗਤੀ ਕਰੋ। ਤਾਂ ਹੁਣ ਮੈਂ ਆਇਆ ਹਾਂ। ਭਗਤੀ ਵੱਖ ਹੈ, ਗਿਆਨ ਵੱਖ ਹੈ। ਭਗਤੀ ਨਾਲ ਹੁੰਦੀ ਹੈ ਅੱਧਾਕਲਪ ਰਾਤ, ਗਿਆਨ ਨਾਲ ਅੱਧਾਕਲਪ ਲਈ ਹੁੰਦਾ ਹੈ ਦਿਨ। ਰਾਮ ਰਾਜ ਅਤੇ ਰਾਵਣ ਰਾਜ ਦੋਵੇਂ ਬੇਹੱਦ ਹਨ। ਦੋਨਾਂ ਦਾ ਟਾਈਮ ਬਰੋਬਰ ਹੈ। ਇਸ ਵੇਲੇ ਭੋਗੀ ਹੋਣ ਦੇ ਕਾਰਣ ਦੁਨੀਆਂ ਦਾ ਵਾਧਾ ਜ਼ਿਆਦਾ ਹੁੰਦਾ ਹੈ, ਉਮਰ ਵੀ ਘੱਟ ਹੁੰਦੀ ਹੈ। ਵਾਧਾ ਜ਼ਿਆਦਾ ਨਾਂ ਹੋਵੇ ਉਸਦੇ ਲਈ ਫਿਰ ਪ੍ਰਬੰਧ ਰੱਚਦੇ ਹਨ। ਤੁਸੀਂ ਬੱਚੇ ਜਾਣਦੇ ਹੋ ਇੰਨੀ ਵੱਡੀ ਦੁਨੀਆਂ ਨੂੰ ਘੱਟ ਕਰਨਾ ਤਾਂ ਬਾਪ ਦਾ ਹੀ ਕੰਮ ਹੈ। ਬਾਪ ਆਉਂਦੇ ਹੀ ਹਨ ਘੱਟ ਕਰਨ ਦੇ ਲਈ। ਬੁਲਾਉਂਦੇ ਵੀ ਹਨ ਬਾਬਾ ਆਕੇ ਅਧਰਮ ਵਿਨਾਸ਼ ਕਰੋ ਮਤਲਬ ਸ੍ਰਿਸ਼ਟੀ ਨੂੰ ਘੱਟ ਕਰੋ। ਦੁਨੀਆਂ ਤਾਂ ਜਾਣਦੀ ਨਹੀਂ ਕਿ ਬਾਪ ਕਿੰਨਾ ਘੱਟ ਕਰ ਦਿੰਦੇ ਹਨ। ਥੋੜੇ ਮਨੁੱਖ ਰਹਿ ਜਾਂਦੇ ਹਨ। ਬਾਕੀ ਸਭ ਆਤਮਾਵਾਂ ਆਪਣੇ ਘਰ ਚਲੀਆਂ ਜਾਂਦੀਆਂ ਹਨ ਫਿਰ ਨੰਬਰਵਾਰ ਪਾਰਟ ਵਜਾਉਣ ਲਈ ਆਉਂਦੀਆਂ ਹਨ। ਨਾਟਕ ਵਿੱਚ ਜਿੰਨਾਂ ਪਾਰਟ ਦੇਰੀ ਨਾਲ ਹੁੰਦਾ ਹੈ, ਉਹ ਘਰ ਤੋਂ ਵੀ ਦੇਰੀ ਨਾਲ ਆਉਂਦੇ ਹਨ। ਆਪਣਾ ਧੰਧਾ ਆਦਿ ਪੂਰਾ ਕਰ ਬਾਅਦ ਵਿੱਚ ਆਉਂਦੇ ਹਨ। ਨਾਟਕ ਵਾਲੇ ਵੀ ਆਪਣਾ ਧੰਧਾ ਕਰਦੇ ਹਨ, ਫਿਰ ਸਮੇਂ ਤੇ ਨਾਟਕ ਵਿੱਚ ਆ ਜਾਂਦੇ ਹਨ ਪਾਰਟ

ਵਜਾਉਣ। ਤੁਹਾਡਾ ਵੀ ਇਵੇਂ ਹੀ ਹੈ, ਪਿੱਛੇ ਜਿਨ੍ਹਾਂ ਦਾ ਪਾਰਟ ਹੈ ਉਹ ਪਿੱਛੇ ਆਉਂਦੇ ਹਨ। ਜਿਹੜੇ ਪਹਿਲੇ-ਪਹਿਲੇ ਸ਼ੁਰੂ ਦੇ ਪਾਰਟਧਾਰੀ ਹਨ ਉਹ ਸਤਿਯੁੱਗ ਆਦਿ ਵਿੱਚ ਆਉਂਦੇ ਹਨ। ਪਿੱਛੇ ਵਾਲੇ ਦੇਖੋ ਤਾਂ ਹਜੇ ਆਉਂਦੇ ਹੀ ਰਹਿੰਦੇ ਹਨ। ਟਾਲ-ਟਾਲੀਆਂ ਪਿੱਛੇ ਤੱਕ ਆਉਂਦੀਆਂ ਰਹਿੰਦੀਆਂ ਹਨ।

ਇਸ ਵੇਲੇ ਤੁਹਾਨੂੰ ਬੱਚਿਆਂ ਨੂੰ ਗਿਆਨ ਦੀਆ ਗੱਲਾਂ ਸਮਝਾਈਆਂ ਜਾਂਦੀਆਂ ਹਨ ਅਤੇ ਸਵੇਰੇ ਯਾਦ ਵਿੱਚ ਬੈਠਦੇ ਹੋ, ਉਹ ਹੈ ਡ੍ਰਿੱਲ। ਆਤਮਾ ਨੇ ਆਪਣੇ ਬਾਪ ਨੂੰ ਯਾਦ ਕਰਨਾ ਹੈ। ਯੋਗ ਅੱਖਰ ਛੱਡ ਦੇਵੋ। ਇਸ ਵਿੱਚ ਮੂੰਝਦੇ ਹਨ। ਕਹਿੰਦੇ ਹਨ ਸਾਡਾ ਯੋਗ ਨਹੀਂ ਲੱਗਦਾ ਹੈ। ਬਾਪ ਕਹਿੰਦੇ ਹਨ - ਅਰੇ, ਬਾਪ ਨੂੰ ਤੁਸੀਂ ਯਾਦ ਨਹੀਂ ਕਰ ਸਕਦੇ ਹੋ! ਕੀ ਇਹ ਚੰਗੀ ਗੱਲ ਹੈ! ਯਾਦ ਨਹੀਂ ਕਰੋਗੇ ਤਾਂ ਪਾਵਨ ਕਿਵੇਂ ਬਣੋਗੇ? ਬਾਪ ਹੈ ਹੀ ਪਤਿਤ ਪਾਵਨ। ਬਾਪ ਆਕੇ ਡਰਾਮਾ ਦੇ ਆਦਿ ਮੱਧ ਅੰਤ ਦਾ ਰਾਜ ਸਮਝਾਉਂਦੇ ਹਨ। ਇਹ ਵਰਾਇਟੀ ਧਰਮ ਅਤੇ ਵਰਾਇਟੀ ਮਨੁੱਖਾਂ ਦਾ ਵਰਿੱਖ(ਪੇੜ) ਹੈ। ਸਾਰੇ ਸ੍ਰਿਸ਼ਟੀ ਦੇ ਜੋ ਵੀ ਮਨੁੱਖ ਮਾਤਰ ਹਨ ਸਭ ਪਾਰਟਧਾਰੀ ਹਨ। ਕਿੰਨੇ ਢੇਰ ਮਨੁੱਖ ਹਨ, ਹਿਸਾਬ ਕੱਢਦੇ ਹਨ - ਇਕ ਸਾਲ ਵਿੱਚ ਇੰਨੇ ਕਰੋੜ ਪੈਦਾ ਹੋ ਜਾਣਗੇ। ਫਿਰ ਇੰਨੀ ਜਗ੍ਹਾ ਹੀ ਕਿੱਥੇ ਹੈ। ਫਿਰ ਬਾਪ ਕਹਿੰਦੇ ਹਨ ਮੈਂ ਆਉਂਦਾ ਹਾਂ ਲਿਮਿਟਿਡ ਨੰਬਰ ਕਰਨ। ਜਦੋਂ ਸਾਰੀਆਂ ਆਤਮਾਵਾਂ ਉਪਰੋਂ ਆ ਜਾਂਦੀਆਂ ਹਨ, ਸਾਡਾ ਘਰ ਖਾਲੀ ਹੋ ਜਾਂਦਾ ਹੈ। ਬਾਕੀ ਜੋ ਵੀ ਬੱਚਤ ਹੈ ਉਹ ਵੀ ਆ ਜਾਂਦੀ ਹੈ। ਝਾੜ ਕਦੇ ਵੀ ਸੁੱਕਦਾ ਨਹੀਂ ਹੈ, ਚੱਲਦਾ ਆਉਂਦਾ ਹੈ। ਪਿੱਛੇ ਜਦੋਂ ਓਥੇ ਕੋਈ ਰਹਿੰਦਾ ਨਹੀਂ ਹੈ, ਫਿਰ ਸਾਰੇ ਜਾਣਗੇ। ਨਵੀਂ ਦੁਨੀਆ ਵਿੱਚ ਕਿੰਨੇ ਥੋੜੇ ਸੀ, ਹੁਣ ਕਿੰਨੇ ਢੇਰ ਹਨ। ਸ਼ਰੀਰ ਤਾਂ ਸਭ ਦਾ ਬਦਲਦਾ ਜਾਂਦਾ ਹੈ। ਉਹ ਵੀ ਜਨਮ ਉਹ ਹੀ ਲੈਣਗੇ ਜਿਹੜੇ ਕਲਪ-ਕਲਪ ਲੈਂਦੇ ਹਨ। ਇਹ ਵਰਲਡ ਡਰਾਮਾ ਕਿਵੇਂ ਚੱਲਦਾ ਹੈ, ਸਿਵਾਏ ਬਾਪ ਦੇ ਕੋਈ ਸਮਝਾ ਨਹੀਂ ਸਕਦਾ ਹੈ। ਬੱਚਿਆਂ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਦੇ ਹਨ। ਬੇਹੱਦ ਦਾ ਨਾਟਕ ਕਿੰਨਾ ਵੱਡਾ ਹੈ। ਕਿੰਨੀਆਂ ਸਮਝਣ ਦੀਆਂ ਗੱਲਾਂ ਹਨ। ਬੇਹੱਦ ਦਾ ਬਾਪ ਤਾਂ ਗਿਆਨ ਦਾ ਸਾਗਰ ਹੈ। ਬਾਕੀ ਤਾਂ ਸਭ ਲਿਮਿਟਿਡ ਹਨ। ਵੇਦ ਸ਼ਾਸਤਰ ਆਦਿ ਕੁੱਝ ਬਣਾਉਂਦੇ ਹਨ, ਜਿਆਦਾ ਤਾਂ ਕੁਝ ਬਣੇਗਾ ਨਹੀਂ। ਤੁਸੀਂ ਲਿਖਦੇ ਜਾਵੋ ਸ਼ੁਰੂ ਤੋਂ ਲੈ ਕੇ ਤਾਂ ਕਿੰਨੀ ਲੰਬੀ ਚੋੜੀ ਗੀਤਾ ਬਣ ਜਾਵੇ। ਸਭ ਛੱਪਦਾ ਜਾਵੇ ਤਾਂ ਮਕਾਨ ਤੋਂ ਵੀ ਵੱਡੀ ਗੀਤਾ ਬਣ ਜਾਵੇ ਇਸ ਲਈ ਵਡਿਆਈ ਦਿਤੀ ਹੈ ਸਾਗਰ ਨੂੰ ਸਿਆਹੀ ਬਣਾ ਦੋ...ਫਿਰ ਇਹ ਵੀ ਕਹਿ ਦਿੰਦੇ ਕਿ ਚਿੜੀਆਂ ਨੇ ਸਾਗਰ ਨੂੰ ਹੱਪ ਕਰ ਦਿੱਤਾ। ਤੁਸੀਂ ਚਿੜੀਆਂ ਹੋ ਸਾਰੇ ਗਿਆਨ ਸਾਗਰ ਨੂੰ ਹੱਪ ਕਰ ਰਹੀਆਂ ਹੋ। ਤੁਸੀਂ ਹੁਣ ਬ੍ਰਾਹਮਣ ਬਣੇ ਹੋ। ਤੁਹਾਨੂੰ ਹੁਣ ਗਿਆਨ ਮਿਲਿਆ ਹੈ। ਗਿਆਨ ਨਾਲ ਤੁਸੀਂ ਸਭ ਕੁਝ ਜਾਣ ਗਏ ਹੋ। ਕਲਪ-ਕਲਪ ਤੁਸੀਂ ਇਥੇ ਪੜਾਈ ਪੜਦੇ ਹੋ, ਉਸ ਵਿੱਚ ਕੁਝ ਘੱਟ ਵੱਧ ਨਹੀਂ ਹੋਣਾ ਹੈ। ਜਿੰਨਾ ਜੋ ਪੁਰਸ਼ਾਰਥ ਕਰਦੇ, ਓਨਾ ਦੀ ਓਨੀ ਹੀ ਪ੍ਰਾਲਬੱਧ ਬਣਦੀ ਹੈ। ਹਰੇਕ ਸਮਝ ਸਕਦੇ ਹਨ ਅਸੀਂ ਕਿੰਨਾ ਪੁਰਸ਼ਾਰਥ ਕਰ, ਕਿੰਨਾ ਪਦ ਪਾਉਣ ਦੇ ਲਾਇਕ ਬਣ ਰਹੇ ਹਾਂ। ਸਕੂਲ ਵਿੱਚ ਵੀ ਨੰਬਰਵਾਰ ਇਮਤਿਹਾਨ ਪਾਸ ਕਰਦੇ ਹਨ। ਸੂਰਜਵੰਸ਼ੀ-ਚੰਦਰਵੰਸ਼ੀ ਦੋਵੇਂ ਬਣਦੇ ਹਨ। ਜਿਹੜੇ ਨਾਪਾਸ ਹੁੰਦੇ ਉਹ ਚੰਦਰਵੰਸ਼ੀ ਬਣਦੇ ਹਨ। ਕੋਈ ਜਾਣਦੇ ਨਹੀਂ ਕਿ ਰਾਮ ਨੂੰ ਬਾਣ ਕਿਉਂ ਦਿੱਤਾ ਹੈ? ਮਾਰਾਮਾਰੀ ਦੀ ਹਿਸਟਰੀ ਬਣਾ ਦਿੱਤੀ ਹੈ। ਇਸ ਵੇਲੇ ਹੈ ਹੀ ਮਾਰਾਮਾਰੀ। ਤੁਸੀਂ ਜਾਣਦੇ ਹੋ ਜੋ ਜਿਵੇਂ ਦਾ ਕਰਮ ਕਰਦੇ ਹਨ ਓਨਾਂ ਨੂੰ ਉਵੇਂ ਦਾ ਫ਼ਲ ਮਿਲਦਾ ਹੈ। ਜਿਵੇਂ ਕੋਈ ਹਸਪਤਾਲ ਬਣਾਉਂਦੇ ਹਨ ਤਾਂ ਦੂਜੇ ਜਨਮ ਵਿੱਚ ਉਨ੍ਹਾਂ ਦੀ ਉਮਰ ਵੱਡੀ ਅਤੇ ਤੰਦਰੁਸਤ ਹੋਣਗੇ। ਕੋਈ ਧਰਮਸ਼ਾਲਾ, ਸਕੂਲ ਬਣਾਉਂਦੇ ਹਨ ਤਾਂ ਉਨ੍ਹਾਂ ਨੂੰ ਅੱਧਾਕਲਪ ਦਾ ਸੁੱਖ ਮਿਲਦਾ ਹੈ। ਇਥੇ ਬੱਚੇ ਜਦੋਂ ਆਉਂਦੇ ਹਨ ਤਾਂ ਬਾਬਾ ਪੁੱਛਦੇ ਹਨ ਤੁਹਾਡੇ ਕਿੰਨੇ ਬੱਚੇ ਹਨ? ਤਾਂ ਕਹਿੰਦੇ ਹਨ 3 ਲੌਕਿਕ ਅਤੇ ਇੱਕ ਸ਼ਿਵਬਾਬਾ ਕਿਉਂਕਿ ਉਹ ਵਰਸਾ ਦਿੰਦਾ ਵੀ ਹੈ ਤੇ ਲੈਂਦਾ ਵੀ ਹੈ। ਹਿਸਾਬ ਹੈ। ਉਨ੍ਹਾਂ ਨੂੰ ਲੈਣ ਦਾ ਕੁਝ ਹੈ ਨਹੀਂ, ਉਹ ਤਾਂ ਦਾਤਾ ਹੈ।

ਚਾਵਲ ਮੁੱਠੀ ਦੇ ਕੇ ਤੁਸੀਂ ਮਹਿਲ ਲੈ ਲੈਂਦੇ ਹੋ, ਇਸ ਲਈ ਭੋਲਾਨਾਥ ਹੈ। ਪਤਿਤ - ਪਾਵਨ ਗਿਆਨ ਸਾਗਰ ਹੈ। ਹੁਣ ਬਾਪ ਕਹਿੰਦੇ ਹਨ ਇਹ ਭਗਤੀ ਦੇ ਜੋ ਸ਼ਾਸਤਰ ਹਨ ਉਨ੍ਹਾਂ ਦਾ ਸਾਰ ਸਮਝਾਉਂਦਾ ਹਾਂ। ਭਗਤੀ ਦਾ ਫ਼ਲ ਹੁੰਦਾ ਹੈ ਅੱਧਾਕਲਪ ਦਾ। ਸੰਨਿਆਸੀ ਕਹਿੰਦੇ ਹਨ ਇਹ ਸੁੱਖ ਕਾਗ ਵਿਸ਼ਟਾ ਸਮਾਨ ਹੈ, ਇਸ ਲਈ ਘਰ ਬਾਰ ਛੱਡ ਜੰਗਲ ਵਿੱਚ ਚਲੇ ਜਾਂਦੇ ਹਨ। ਕਹਿੰਦੇ ਹਨ ਸਾਨੂੰ ਸਵਰਗ ਦੇ ਸੁੱਖ ਨਹੀਂ ਚਾਹੀਦੇ ਹਨ, ਜੋ ਫਿਰ ਨਰਕ ਵਿੱਚ ਆਉਣਾ ਪਵੇ। ਸਾਨੂੰ ਮੋਕਸ਼ ਚਾਹੀਦਾ ਹੈ। ਪਰ ਇਹ ਯਾਦ ਰੱਖੋ ਕਿ ਇਹ ਬੇਹੱਦ ਦਾ ਨਾਟਕ ਹੈ। ਇਸ ਨਾਟਕ ਤੋਂ ਇੱਕ ਵੀ ਆਤਮਾ ਛੁੱਟ ਨਹੀਂ ਸਕਦੀ ਹੈ, ਬਣਿਆ ਬਣਾਇਆ ਹੈ। ਇਸ ਲਈ ਗਾਉਂਦੇ ਹਨ ਬਣੀ ਬਣਾਈ ਬਣ ਰਹੀ...ਪਰ ਭਗਤੀ ਮਾਰਗ ਵਿੱਚ ਚਿੰਤਾ ਕਰਨੀ ਪੈਂਦੀ ਹੈ। ਜੋ ਕੁਝ ਪਾਸ ਕੀਤਾ ਹੈ ਉਹ ਫਿਰ ਹੋਵੇਗਾ। 84 ਦਾ ਚੱਕਰ ਤੁਸੀਂ ਲਗਾਉਂਦੇ ਹੋ। ਇਹ ਕਦੇ ਬੰਦ ਨਹੀਂ ਹੁੰਦਾ ਹੈ, ਬਣਿਆ ਬਣਾਇਆ ਹੈ। ਇਸ ਵਿੱਚ ਤੁਸੀਂ ਆਪਣੇ ਪੁਰਸ਼ਾਰਥ ਨੂੰ ਉਡਾ ਕਿਵੇਂ ਸਕਦੇ ਹੋ? ਤੁਹਾਡੇ ਕਹਿਣ ਨਾਲ ਤੁਸੀਂ ਨਿਕਲ ਨਹੀਂ ਸਕਦੇ ਹੋ। ਮੋਕਸ਼ ਨੂੰ ਪਾਉਣਾ, ਜਯੋਤੀ ਜੋਤ ਸਮਾਉਣਾ, ਬ੍ਰਹਮ ਵਿੱਚ ਲੀਨ ਹੋਣਾ - ਇਹ ਇੱਕ ਹੀ ਹੈ। ਅਨੇਕ ਮਤਾਂ ਹਨ, ਅਨੇਕ(ਵੱਖ-ਵੱਖ) ਧਰਮ ਹਨ। ਫਿਰ ਕਹਿ ਦਿੰਦੇ ਹਨ ਤੁਹਾਡੀ ਗਤ ਮਤ ਤੁਸੀਂ ਹੀ ਜਾਣੋ। ਤੁਹਾਡੀ ਸ਼੍ਰੀਮਤ ਨਾਲ ਹੀ ਸਦਗਤੀ ਮਿਲਦੀ ਹੈ। ਉਹ ਵੀ ਤੁਸੀਂ ਹੀ ਜਾਣਦੇ ਹੋ। ਤੁਸੀਂ ਜਦੋਂ ਆਵੋ ਤਾਂ ਅਸੀਂ ਵੀ ਜਾਣੀਏ ਅਤੇ ਅਸੀਂ ਵੀ ਪਾਵਨ ਬਣੀਏ। ਪੜਾਈ ਪੜੀਏ ਅਤੇ ਸਾਡੀ ਸਦਗਤੀ ਹੋਵੇ। ਜਦੋਂ ਸਦਗਤੀ ਹੋ ਜਾਂਦੀ ਹੈ ਤਾਂ ਫਿਰ ਕੋਈ ਬੁਲਾਂਉਂਦੇ ਹੀ ਨਹੀਂ ਹਨ। ਇਸ ਵੇਲੇ ਸਭ ਦੇ ਉਪਰ ਦੁੱਖਾਂ ਦੇ ਪਹਾੜ ਡਿੱਗਣੇ ਹਨ। ਖ਼ੂਨੇ ਨਾਹਕ ਖੇਲ ਦਿਖਾਂਉਂਦੇ ਹਨ ਅਤੇ ਗੋਵਰਧਨ ਪਹਾੜ ਵੀ ਦਿਖਾਂਉਂਦੇ ਹਨ। ਉਂਗਲੀ ਨਾਲ ਪਹਾੜ ਚੁੱਕਿਆ। ਤੁਸੀਂ ਇਸ ਦਾ ਮਤਲਬ ਜਾਣਦੇ ਹੋ। ਤੁਸੀਂ ਥੋੜੇ ਜਿਹੇ ਬੱਚੇ ਇਸ ਦੁੱਖਾਂ ਦੇ ਪਹਾੜ ਨੂੰ ਹਟਾਉਂਦੇ ਹੋ। ਦੁੱਖ ਵੀ ਸਹਿਣ ਕਰਦੇ ਹੋ। ਤੁਸੀਂ ਵਸ਼ੀਕਰਨ ਮੰਤਰ ਸਭ ਨੂੰ ਦੇਣਾ ਹੈ। ਕਹਿੰਦੇ ਹਨ ਤੁਲਸੀਦਾਸ ਚੰਦਨ ਘਿਸੇ...ਤਿਲਕ ਰਾਜਾਈ ਦਾ ਤੁਹਾਨੂੰ ਮਿਲਦਾ ਹੈ, ਆਪਣੀ-ਆਪਣੀ ਮਿਹਨਤ ਨਾਲ। ਤੁਸੀਂ ਰਾਜਾਈ ਲਈ ਪੜ੍ਹ ਰਹੇ ਹੋ। ਰਾਜਯੋਗ ਜਿਸ ਨਾਲ ਰਾਜਾਈ ਮਿਲਦੀ ਹੈ ਉਹ ਪੜਾਉਣ ਵਾਲਾ ਇੱਕ ਹੀ ਬਾਪ ਹੈ। ਹੁਣ ਤੁਸੀਂ ਘਰ ਵਿੱਚ ਬੈਠੇ ਹੋ, ਇਹ ਦਰਬਾਰ ਨਹੀਂ ਹੈ। ਦਰਬਾਰ ਉਸ ਨੂੰ ਕਿਹਾ ਜਾਂਦਾ ਹੈ ਜਿੱਥੇ

ਰਾਜਾ-ਮਹਾਰਾਜਾ ਮਿਲਦੇ ਹਨ। ਇਹ ਪਾਠਸ਼ਾਲਾ ਹੈ। ਸਮਝਾਇਆ ਜਾਂਦਾ ਹੈ ਕੋਈ ਬ੍ਰਾਹਮਣੀ ਵਿਕਾਰੀ ਨੂੰ ਨਹੀਂ ਲਿਆ ਸਕਦੀ ਹੈ। ਪਤਿਤ ਵਾਯੂਮੰਡਲ ਨੂੰ ਖਰਾਬ ਕਰਨਗੇ, ਇਸ ਲਈ ਅਲਾਓ ਨਹੀਂ ਕਰਦੇ ਹਾਂ। ਜਦੋਂ ਪਵਿੱਤਰ ਬਣਨ, ਫਿਰ ਅਲਾਓ ਕੀਤਾ ਜਾਵੇ। ਹਜੇ ਕੋਈ-ਕੋਈ ਨੂੰ ਅਲਾਓ ਕਰਨਾ ਪੈਂਦਾ ਹੈ। ਜੇਕਰ ਇਥੋਂ ਜਾ ਕੇ ਪਤਿਤ ਬਣੇ ਤਾਂ ਧਾਰਨਾ ਨਹੀਂ ਹੋਵੇਗੀ। ਇਹ ਹੋਇਆ ਆਪਣੇ ਆਪ ਨੂੰ ਸ਼ਰਾਪਿਤ ਕਰਨਾ। ਵਿਕਾਰ ਹੈ ਹੀ ਰਾਵਣ ਦੀ ਮਤ। ਰਾਮ ਦੀ ਮਤ ਛੱਡ ਰਾਵਣ ਦੀ ਮਤ ਨਾਲ ਵਿਕਾਰੀ ਬਣ ਪੱਥਰ ਬਣ ਪੈਂਦੇ ਹਨ। ਏਦਾਂ ਗਰੁੜ ਪੁਰਾਣ ਵਿੱਚ ਬੜੀਆਂ ਰੋਚਕ ਗੱਲਾਂ ਲਿੱਖ ਦਿਤੀਆਂ ਹਨ। ਬਾਪ ਕਹਿੰਦੇ ਹਨ ਮਨੁੱਖ, ਮਨੁੱਖ ਹੀ ਬਣਦਾ ਹੈ, ਜਾਨਵਰ ਆਦਿ ਨਹੀਂ ਬਣਦਾ। ਪੜਾਈ ਵਿੱਚ ਕੋਈ ਅੰਧਸ਼ਰਧਾ ਦੀ ਗੱਲ ਨਹੀਂ ਹੁੰਦੀ ਹੈ। ਤੁਹਾਡੀ ਇਹ ਪੜਾਈ ਹੈ। ਸਟੂਡੈਂਟ ਪੜ੍ਹ ਕੇ ਪਾਸ ਹੋ ਕੇ ਕਮਾਂਉਂਦੇ ਹਨ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਸ਼ੀਕਰਨ ਮੰਤਰ ਸਭ ਨੂੰ ਦੇਣਾ ਹੈ। ਪੜਾਈ ਦੀ ਮਿਹਨਤ ਨਾਲ ਰਜਾਈ ਦਾ ਤਿਲਕ ਲੈਣਾ ਹੈ। ਇਨ੍ਹਾਂ ਦੁੱਖਾਂ ਦੇ ਪਹਾੜਾਂ ਨੂੰ ਹਟਾਉਣ ਵਿੱਚ ਆਪਣੀ ਉਂਗਲੀ ਦੇਣੀ ਹੈ।

2. ਸੰਗਮਯੁੱਗ ਤੇ ਪੁਰਸ਼ੋਤਮ ਬਣਨ ਦਾ ਪੁਰਸ਼ਾਰਥ ਕਰਨਾ ਹੈ। ਬਾਪ ਨੂੰ ਯਾਦ ਕਰਨ ਦੀ ਡ੍ਰਿੱਲ ਕਰਨੀ ਹੈ। ਬਾਕੀ ਯੋਗ-ਯੋਗ ਕਹਿ ਮੂੰਝਣਾ ਨਹੀਂ ਹੈ।

ਵਰਦਾਨ:- ਸੇਵਾ ਵਿੱਚ ਵਿਗਣਾ ਨੂੰ ਉੱਨਤੀ ਦੀ ਪੌੜੀ ਸਮਝ ਅੱਗੇ ਵੱਧਣ ਵਾਲੇ ਨਿਰਵਿਗਣ, ਸੱਚੇ ਸੇਵਾਧਾਰੀ ਭਵ

ਸੇਵਾ ਬ੍ਰਾਹਮਣ ਜੀਵਨ ਨੂੰ ਸਦਾ ਨਿਰਵਿਗਨ ਬਣਾਉਣ ਦਾ ਸਾਧਨ ਵੀ ਹੈ ਅਤੇ ਫਿਰ ਸੇਵਾ ਵਿੱਚ ਹੀ ਵਿਗਣਾ ਦਾ ਪੇਪਰ ਵੀ ਜ਼ਿਆਦਾ ਆਉਂਦਾ ਹੈ। ਨਿਰਵਿਗਨ ਸੇਵਾਧਾਰੀ ਨੂੰ ਸੱਚਾ ਸੇਵਾਧਾਰੀ ਕਿਹਾ ਜਾਂਦਾ ਹੈ। ਵਿਗਣ ਆਉਣਾ ਇਹ ਵੀ ਡਰਾਮੇ ਵਿੱਚ ਨੂੰਧਿਆ ਹੋਇਆ ਹੈ। ਆਉਣਾ ਹੀ ਅਤੇ ਆਉਂਦੇ ਹੀ ਰਹਿਣਗੇ ਕਿਉਂਕਿ ਇਹ ਵਿਗਣ ਅਤੇ ਪੇਪਰ ਅਨੁਭਵੀ ਬਣਾਉਂਦੇ ਹਨ। ਇਸਨੂੰ ਵਿਗਣ ਨਾ ਸਮਝ, ਅਨੁਭਵ ਦੀ ਉੱਨਤੀ ਹੋ ਰਹੀ ਹੈ - ਇਸ ਭਾਵ ਨਾਲ ਦੇਖੋ ਤਾਂ ਉੱਨਤੀ ਦੀ ਪੌੜੀ ਅਨੁਭਵ ਹੋਵੇਗੀ ਅਤੇ ਅੱਗੇ ਵੱਧਦੇ ਰਹਿਣਗੇ।

ਸਲੋਗਨ:- ਵਿਗਣ ਰੂਪ ਨਹੀਂ, ਵਿਗਣ ਵਿਨਾਸ਼ਕ ਬਣੋ।

******